Year : 8
Issue : 31
July-September 2018
www.chintanresearchjournal.com
Impact factor : 4.012

ISSN : 2229-7227
Price : ₹ 500
$ 70

International Refereed

# चिन्तन रिसर्च जर्नल

# Chintan Research Journal

(कला, साहित्य, मानविकी, समाज–विज्ञान, विधि, प्रबंधन, वाणिज्य एवं विज्ञान विषयों पर केंद्रित)

(Indexed & Listed at : Ulrich's Periodicals Directory ©, ProQuest . U.S.A.)
(Indexed & Listed at : Research Bib, Japan)
(indexed & Listed at : Indian Journal Index (IJINDEX))
(UGC Approved List No. 41243)

संपादक
आचार्य (डॉ०) शीलक राम

यावत् जीवेत् सुखं जीवेत्

आचार्य अकादमी
भारत
ISO 9001 : 2008

- भारतीय कृषि और ब्रिटिश उपनिवेशवाद
  डॉ. सुरेश चन्द्र — 303-309
- छायावादोत्तर रचनाकारों का हिंदी पत्रकारिता में योगदान
  डॉ॰ श्याम सिंह — 310-312
- Overview of Financial Inclusion in India
  Dr. Nisha Jain — 313-317
- मानव के चरित्र निर्माण में संस्कृत साहित्य का योगदान
  डॉ॰ ज्योति — 318-320
- ਭਾਸ਼ਾ ਸਰੰਚਨਾ ਦੀ ਬੁਨਿਆਦੀ ਇਕਾਈ 'ਧੁਨੀ'
  ਡਾ. ਗੁਰਜਿੰਦਰ ਕੌਰ — 321-324
- ਆਧੁਨਿਕਤਾ : ਪਰਿਭਾਸ਼ਾ, ਪ੍ਰਾਕ੍ਰਿਤੀ ਅਤੇ ਵਿਕਾਸ
  ਡਾ. ਸਵਰਨਜੀਤ ਕੌਰ ਲੌਂਗੋਵਾਲ — 325-330
- ਸਮਕਾਲ ਵਿਚ ਪੂੰਜੀਵਾਦੀ ਵਰਤਾਰੇ ਅਧੀਨ ਮਨੁੱਖੀ ਜ਼ਿੰਦਗੀ ਦਾ ਯਥਾਰਥ : ਜ਼ਿਉਂਦੀਆਂ ਲਾਸ਼ਾਂ
  ਅਵਿਨਾਸ਼ — 331-335
- ਗੰਧਲੇ ਪਾਣੀ ਨਾਵਲ ਦੀ ਬਿਰਤਾਂਤਕ ਜੁਗਤਾਂ : ਇਕ ਅਧਿਐਣ
  ਕਿਰਨ ਗਰਗ — 336-340
- ਅੰਗਰੇਜ਼ੀ ਕਾਲ ਦੌਰਾਨ ਸਿੱਖ ਜਾਗ੍ਰਤੀ ਵਿਚ ਅਕਾਲੀ ਕੌਰ ਸਿੰਘ ਦੀ ਭੂਮਿਕਾ
  ਸਰਬਵੀਰ ਸਿੰਘ — 341-346
- गीता में कर्म-सिद्धांत : एक विवेचन
  Dr. Rajveer Arya, Luxmi — 347-350
- भारतीय संस्कृति एवं संगीत पर पाश्चात्य प्रभाव
  कपिल देव — 351-354
- सूरदास की भक्ति भावना: आनन्दानुभूति का सहजाधार
  सन्तोष — 355-358
- Speedy Trials and Efficient Justice Delivery System: Present Challenges and Reforms Ahead
  Richa Srivastava — 359-365
- Marital Rape: A Threat to Gender Justice in India
  Manish Dalal — 366-367
- प्रवासी साहित्य में लोक जीवन तेजेन्द्र शर्मा की कहानियों के अंतर्गत
  डॉ॰ नीरू बाला — 368-370
- हाशिये पर किसानों की दशा
  डॉ सुदेश — 371-374
- वैदिक-वाङ्मय में वर्णित राजा के कर्त्तव्य : एक विवेचन
  डॉ. राजवीर आर्य — 375-380
- संस्कृत भाषा में प्रत्यय के महत्त्व पर चिन्तन
  अंकुश — 381-383

International Refereed | 'चिन्तन' अन्तरराष्ट्रीय रिसर्च जर्नल (ISSN : 2229-7227)
Impact Factor : 4.012 वर्ष 8, अंक 31 (पृ.सं. 321-324)
विक्रमी सम्वत्: 2076 (जुलाई-सितम्बर 2018)

# ਭਾਸ਼ਾ ਸਰੰਚਨਾ ਦੀ ਬੁਨਿਆਦੀ ਇਕਾਈ 'ਧੁਨੀ'

ਡਾ. ਗੁਰਜਿੰਦਰ ਕੌਰ
ਸਹਾਇਕ ਪ੍ਰੋਫੈਸਰ
ਸ੍ਰੀ ਗੁਰੂ ਨਾਨਕ ਗਰਲਜ਼ ਕਾਲਜ,
ਸੰਤਪੁਰਾ (ਯਮੁਨਾਨਗਰ)

ਸ਼ੋਧ ਆਲੇਖ ਸਾਰ

ਧੁਨੀਆਂ ਭਾਸ਼ਿਕ ਸਰੰਚਨਾ-ਦੀ ਬੁਨਿਆਦੀ ਇਕਾਈ ਹੈ ਅਤੇ ਧੁਨੀ ਉਹ ਕੱਚਾ ਮਸਾਲਾ ਹੈ ਜਿਸ ਦੇ ਜੋੜ-ਮੇਲ ਤੋਂ ਸਮਗ੍ਰ ਭਾਸ਼ਾ ਦੀ ਉਸਾਰੀ ਹੁੰਦੀ ਹੈ। ਪੰਜਾਬੀ ਧੁਨੀਆਂ ਗੁਰਮੁਖੀ ਅੱਖਰਾਂ ਵਿਚ ਅੰਕਿਤ ਕੀਤੀਆਂ ਜਾਂਦੀਆਂ ਹਨ। ਹਰ ਧੁਨੀ ਲਈ ਵੱਖਰਾ ਅੱਖਰ ਭਾਵ ਚਿੰਨ੍ਹ ਹੈ, ਪਰੰਤੂ ਫਿਰ ਵੀ ਲਿਖਿਆ ਹੋਇਆ ਅੱਖਰ ਧੁਨੀ ਨਹੀ ਹੁੰਦਾ ਉਹ ਕੇਵਲ ਇਕ ਚਿੰਨ੍ਹ ਹੁੰਦਾ ਹੈ। ਧੁਨੀ ਵਿਸ਼ੇਸ਼ਕਰ ਇਕ ਮੌਖਿਕ ਹੋਂਦ ਹੁੰਦੀ ਹੈ, ਜਿਸ ਵਿਚ ਉਚਾਰਨੀ ਤੇ ਸ੍ਰਵਨੀ ਗੁਣ ਤੇ ਲੱਛਣ ਹੁੰਦੇ ਹਨ ਭਾਵ ਜਿਸ ਦਾ ਮੂੰਹ ਨਾਲ ਉਚਾਰਨ ਹੁੰਦਾ ਹੈ ਅਤੇ ਕੰਨਾ ਨਾਲ ਸੁਣੀ ਜਾਂਦੀ ਹੈ।

ਮੁਖ ਸ਼ਬਦ : ਪਰਿਵਰਤਨ, ਵਿਆਕਰਣਕਾਰ, ਧੁਨੀਗਤ ਪੱਧਰ, ਪੰਜਾਬੀ ਭਾਸ਼ਾ ।

ਭਾਸ਼ਾ ਵਾਕਾਂ ਦਾ ਸਮੂਹ ਹੈ, ਵਾਕ ਦੇ ਅੰਗ ਸ਼ਬਦ ਹੁੰਦੇ ਹਨ ਅਤੇ ਸ਼ਬਦ ਧੁਨੀਆਂ ਦਾ ਸਮੂਹ ਹੁੰਦੇ ਹਨ। ਸਾਧਾਰਨ ਰੂਪ ਵਿਚ ਧੁਨੀਆਂ, ਅੱਖਰਾਂ ਨੂੰ ਕਿਹਾ ਜਾਂਦਾ ਹੈ। ਇਸ ਤੋਂ ਛੁੱਟ ਇਹ ਮੂਲ ਆਵਾਜ਼ਾਂ ਹੁੰਦੀਆਂ ਹਨ ਜਿਹਨਾਂ ਨੂੰ ਕਿਸੇ ਪੱਖ ਤੋਂ ਤੋੜਨਾ ਸੰਭਵ ਨਹੀ ਹੁੰਦਾ। ਕਿਸੇ ਵੀ ਭਾਸ਼ਾ ਦਾ ਆਧਾਰ ਉਸ ਭਾਸ਼ਾ ਦੀਆਂ ਧੁਨੀਆਂ ਹੁੰਦੀਆਂ ਹਨ, ਜਿਸ ਉੱਪਰ ਉਸ ਭਾਸ਼ਾ ਦੀ ਸ਼ਾਨਦਾਰ ਇਮਾਰਤ ਖੜੀ ਕੀਤੀ ਜਾਂਦੀ ਹੈ। ਹਰ ਭਾਸ਼ਾ ਦੀਆਂ ਧੁਨੀਆਂ ਦਾ ਉਚਾਰਣ ਢੰਗ ਵੱਖਰਾ-ਵੱਖਰਾ ਹੁੰਦਾ ਹੈ। ਸਮੇਂ ਦੀ ਚਾਲ ਦੇ ਨਾਲ-ਨਾਲ ਧੁਨੀਆਂ ਵਿਚ ਪਰਿਵਰਤਨ ਵੀ ਦੇਖੇ ਜਾ ਸਕਦੇ ਹਨ। "ਭਾਰਤ ਵਿਚ ਇਹਨਾਂ ਧੁਨੀਆਂ ਦੇ ਪਰਿਵਰਤਨ ਕਾਰਨ, ਵੈਦਿਕ-ਸੰਸਕ੍ਰਿਤੀ ਸਮੇਂ ਦੇ ਚੱਕਰ ਵਿਚ ਅਗੇ ਵੱਧਦੀ ਗਈ। ਸੰਸਕ੍ਰਿਤ, ਪਾਲੀ, ਪ੍ਰਾਕ੍ਰਿਤ, ਅਪਭ੍ਰੰਸ਼ ਤੇ ਆਧੁਨਿਕ ਆਰੀਆਈ ਭਾਸ਼ਾਵਾਂ, ਧੁਨੀ ਪਰਿਵਰਤਨ ਦਾ ਹੀ ਸਿੱਟਾ ਹਨ।"[1]

ਕੋਈ ਵੀ "ਭਾਸ਼ਾ ਜਦੋਂ ਵਿਕਾਸ ਕਰਦੀ ਹੈ ਤਾਂ ਉਸ ਵਿਚ ਕਿਸੇ ਕਾਰਣ ਕਰਕੇ ਜਾਂ ਬਿਨਾਂ ਕਿਸੇ ਕਾਰਣ ਕਰਕੇ ਪਰਿਵਰਤਨ ਹੁੰਦਾ ਰਹਿੰਦਾ ਹੈ। ਇਹ ਪਰਿਵਰਤਨ ਧੁਨੀਆਂ, ਸ਼ਬਦਾਂ, ਵਾਕਾਂ, ਅਰਥਾਂ ਆਦਿ ਹਰ ਪੱਖ ਤੋਂ ਜਾਰੀ ਰਹਿੰਦਾ ਹੈ ਪਰੰਤੂ ਧੁਨੀਆਂ ਦਾ ਪਰਿਵਰਤਨ ਮਹੱਤਵਪੂਰਨ ਕਿਹਾ ਜਾ ਸਕਦਾ ਹੈ।"[2]

ਇਹ ਮੂਲ ਅਵਾਜ਼ਾਂ ਮਨੁੱਖ ਦੇ ਅੰਦਰੋਂ ਸਾਹ ਨਾਲ ਬਣਦੀਆਂ ਹਨ ਅਤੇ ਇਹ ਸਾਹ ਮੂੰਹ ਵਿਚੋਂ ਲੰਘਦਾ ਹੋਇਆ, ਕੰਠ, ਤਾਲੂ, ਜੀਭ, ਦੰਦ, ਬੁਲ੍ਹ ਅਤੇ ਨੱਕ ਆਦਿ ਵਿਚੋਂ ਹੁੰਦਾ ਹੋਇਆ ਬਾਹਰ ਨਿਕਲਦਾ ਹੈ। ਧੁਨੀਆਂ ਦਾ ਉਚਾਰਨ ਕਰਦੇ ਸਮੇਂ ਜਿਸ ਥਾਂ ਨਾਲ ਸਾਹ ਦੀ ਰਗੜ ਹੁੰਦੀ ਹੈ। ਉਸਦੇ ਆਧਾਰ ਤੇ ਹੀ ਧੁਨੀਆਂ ਪੈਦਾ ਹੁੰਦੀਆਂ ਹਨ। ਕਿਸੇ ਵੀ ਭਾਸ਼ਾ ਜਾਂ ਬੋਲੀ ਦੀਆਂ ਸਾਰੀਆਂ ਮੂਲ ਧੁਨੀਆਂ ਨੂੰ ਧੁਨੀ ਚਿਹਨ-'ਵਰਣ ਮਾਲਾ' ਵਿਚ ਲਿਖਿਆ ਜਾਂਦਾ ਹੈ।

"ਧੁਨੀਆਂ ਵਾਸਤਵ ਵਿਚ ਕਿਸੇ ਬੋਲੀ ਦਾ ਤਾਣਾ ਤੇ ਪੇਟਾ ਹੁੰਦੀਆਂ ਹਨ। ਇਹਨਾਂ ਦੇ ਆਧਾਰ ਤੇ ਹੀ ਬੋਲੀ ਦਾ ਲਿਬਾਸ ਤਿਆਰ ਹੁੰਦਾ ਹੈ, ਕਿਸੇ ਵੀ ਜੀਉਂਦੀ ਸ਼ਕਤੀ ਦੀ ਸਭ ਤੋਂ ਵਡੀ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਉਸ ਵਿਚ ਹਰ ਘੜੀ ਪਰਿਵਰਤਨ ਹੁੰਦਾ ਰਹਿੰਦਾ ਹੈ। ਵਾਸਤਵ ਵਿਚ ਪਰਿਵਰਤਨ ਹੀ ਜੀਵਨ ਜਾਂ ਜ਼ਿੰਦਗੀ ਦੀ ਚਾਲ ਹੈ। ਜੀਉਂਦੀ ਭਾਸ਼ਾ ਲਈ ਇਸ ਪਰਿਵਰਤਨ ਦਾ ਹੋਣਾ ਬਹੁਤ ਜਰੂਰੀ ਹੈ। ਭਾਸ਼ਾ ਦੀ ਇਸ ਜੀਵਨ ਚਾਲ ਨੂੰ ਕੁਝ ਵਿਦਵਾਨ 'ਪਰਿਵਰਤਨ' ਤੇ ਕੁਝ ਲੋਕ 'ਵਿਕਾਰ' ਜਾਂ ਵਿਕਾਸ ਦਾ ਨਾਂ ਦਿੰਦੇ ਹਨ।"[3]

"ਆਧੁਨਿਕ ਭਾਸ਼ਾ-ਵਿਗਿਆਨ ਦੇ ਮੋਢੀ F.D. Saussure ਨੇ ਭਾਸ਼ਾ ਦੇ ਸਿਸਟਮੀ ਅਧਿਐਨ ਵਿਚ ਜੋ ਨਵੀ ਵਿਵਸਥਾ ਪ੍ਰਦਾਨ ਕੀਤੀ ਹੈ ਉਸ ਅਨੁਸਾਰ ਭਾਸ਼ਾ ਇਕ ਸਮਕਾਲੀਨ ਜਿਉਂਦੀ-ਜਾਗਦੀ ਵਸਤੂ ਹੈ ਅਤੇ ਭਾਸ਼ਾ ਦਾ ਅਧਿਐਨ ਪ੍ਰਮੁੱਖ ਤੌਰ ਤੇ ਮੌਖਿਕ ਬੋਲੀ ਉਚਾਰ ਦਾ ਹੀ ਅਧਿਐਨ ਹੈ ਲਿਖਤੀ ਪਾਠ ਦਾ ਨਹੀ।"[4]

ਇੱਥੇ ਇਹ ਕਹਿਣਾ ਵੀ ਗਲਤ ਨਹੀ ਹੋਵੇਗਾ ਕਿ ਭਾਸ਼ਾ ਦੇ ਵਿਸ਼ਲੇਸ਼ਣ ਲਈ ਜੋ ਵੱਖ-ਵੱਖ ਪੱਧਰ ਨਿਰਧਾਰਿਤ ਕੀਤੇ ਜਾਂਦੇ ਹਨ, ਉਹਨਾਂ ਵਿਚ ਧੁਨੀਗਤ ਪੱਧਰ ਸਭ ਤੋਂ ਬੁਧਿਆਦੀ ਅਤੇ ਪਹਿਲਾ ਪੱਧਰ ਹੈ। ਧੁਨੀਗਤ ਪੱਧਰ ਦੀ ਇਕਾਈ 'ਧੁਨੀ' ਹੈ ਅਤੇ 'ਧੁਨੀ' ਹੀ ਕਿਸੇ ਭਾਸ਼ਾ ਦੀ ਸਰੰਚਨਾ ਦੀ ਸਭ ਤੋਂ ਛੋਟੀ ਇਕਾਈ ਹੁੰਦੀ ਹੈ। ਧੁਨੀ ਸੰਸਕ੍ਰਿਤ ਸ਼ਬਦ 'ਧ੍ਵਨਿ' ਦਾ ਪੰਜਾਬੀ ਰੂਪ ਹੈ ਅਤੇ ਅੰਗਰੇਜੀ ਸ਼ਬਦ Phone ਜਾਂ Sound ਦਾ ਪਰਿਆਇ ਹੈ। ਇਸ ਤੋਂ ਛੁੱਟ ਪੰਜਾਬੀ ਭਾਸ਼ਾ ਵਿਚ ਧੁਨੀਆਂ ਨੂੰ ਕਈ ਅਰਥਾਂ ਅਤੇ ਸੰਦਰਭਾਂ ਵਿਚ ਵੀ ਵਰਤਿਆ ਜਾਂਦਾ ਹੈ:

→ "ਧੁਨੀ ਆਮ ਆਵਾਜ ਹੈ

→ ਧੁਨੀ ਇਕ ਰਾਗ ਦੀ ਹੇਕ ਜਾਂ ਸੁਰ ਹੈ ਜਿਵੇਂ 'ਟੁੰਡੇ ਅਸਰਾਜੇ ਦੀ ਧੁਨੀ'

→ ਧੁਨੀ ਕਾਵਿ-ਸ਼ਾਸਤ੍ਰ ਵਿਚ ਸੂਝਾ ਜਾਂ ਰਮਜ ਹੈ

→ ਧੁਨੀ ਭਾਸ਼ਾ ਵਿਗਿਆਨ ਦੇ ਖੇਤਰ ਵਿਚ ਇਕ ਸਾਰਥਕ ਆਵਾਜ ਹੈ।"[5]

ਆਮ ਸਾਧਾਰਨ ਬੋਲਚਾਲ ਦੀ ਭਾਸ਼ਾ ਵਿਚ ਕਿਸੇ ਜਾਨਵਰ ਦੀ ਅਵਾਜ਼, ਭਾਡਿਆਂ ਦੀ ਖੜਖੜਾਹਟ, ਕਿਸੇ ਵੀ ਮਸ਼ੀਨ ਦਾ ਖੜਾਕ ਆਦਿ ਧੁਨੀ ਦੇ ਵਿਆਪਕ ਅਰਥ ਕਹੇ ਜਾਂਦੇ ਹਨ। ਭਾਰਤੀ ਭਾਸ਼ਾ ਵਿਗਿਆਨੀ ਡਾ. ਭੋਲਾ ਨਾਥ ਤਿਵਾਰੀ ਲਿਖਦੇ ਹਨ ਕਿ "ਭਾਸ਼ਾ ਧੁਨੀ ਇਕ ਅਜੇਹੀ ਆਵਾਜ ਹੈ ਜਿਹੜੀ ਮਨੁੱਖੀ ਕੰਠ ਚੋਂ ਖਾਸ ਥਾਂ, ਖਾਸ ਜਤਨ ਜਾਂ ਖਾਸ ਮਤਲਬ ਲਈ ਉਚਰਿਤ ਹੁੰਦੀ ਹੈ।"[6]

ਡਾ. ਰਾਜੇਦ੍ਰ ਦ੍ਵਿਵੇਦੀ ਲਿਖਦੇ ਹਨ ਕਿ "ਭਾਸ਼ਾ-ਧੁਨੀ ਬੋਲਣ-ਅੰਗਾਂ ਦੁਆਰਾ ਪੈਦਾ ਹੋਈ ਇਕ ਖਾਸ ਸੁਣਨ ਯੋਗ ਗੁਣਾਂ ਵਾਲੀ ਧੁਨੀ ਹੁੰਦੀ ਹੈ।"[7]

ਭਾਰਤੀ ਵਿਦਵਾਨਾਂ ਨੇ ਧੁਨੀ ਚਿਹਨਾਂ ਨੂੰ ਵਿਗਿਆਨਕ ਵੰਡ 'ਤੇ ਤਰਤੀਬ ਦਿੱਤੀ ਹੈ ਅਤੇ ਮੋਟੇ ਰੂਪ ਵਿਚ ਇਹਨਾਂ ਧੁਨੀਆਂ ਨੂੰ ਸਵਰ ਤੇ ਵਿਅੰਜਨਾਂ ਵਿਚ ਵੰਡ ਲਿਆ ਗਿਆ ਹੈ। ਆਮ ਸਾਧਾਰਨ ਪਰਿਭਾਸ਼ਾ ਅਨੁਸਾਰ 'ਸੁਤੰਤਰ ਆਵਾਜ' ਨੂੰ ਸੁਰ ਕਹਿ ਲਿਆ ਜਾਂਦਾ ਹੈ ਅਤੇ ਜਿਹੜੀ ਆਵਾਜ ਸਾਡੇ ਉਚਾਰਨ ਅੰਗਾਂ ਵਿਚੋਂ ਕਿਸੇ ਰਗੜ ਜਾਂ ਟੱਕਰ ਨਾਲ ਬਣਦੀ ਹੈ ਉਸਨੂੰ ਵਿਅੰਜਨ ਕਹਿ ਲਿਆ ਜਾਂਦਾ ਹੈ। ਇਥੇ ਇਕ ਗੱਲ ਹਰ ਧਿਆਨ ਯੋਗ ਹੈ ਕਿ ਕੋਈ ਵੀ ਵਿਅੰਜਨ ਸੁਰ ਆਵਾਜ ਤੋਂ ਬਗੈਰ ਪੂਰੀ ਤਰ੍ਹਾਂ ਬੋਲਿਆ ਨਹੀਂ ਜਾ ਸਕਦਾ । ਪੰਜਾਬੀ ਦੀਆਂ ਮੂਲ ਧੁਨੀਆਂ ਪੈਂਤੀ ਹਨ, ਭਾਵ ਪੰਜਾਬੀ ਦੇ ਧੁਨੀ ਚਿਹਨ ਤਾਂ ਪੈਂਤੀ ਹਨ ਪਰੰਤੂ ਆਵਾਜਾਂ ਇਸ ਤੋ ਵੱਧ ਹਨ। ਪੰਜਾਬੀ ਦੀਆਂ ਸੁਰ ਧੁਨੀਆਂ → ੳ, ਅ, ੲ

ਪੰਜਾਬੀ ਦੀਆਂ ਵਿਅੰਜਨ ਧੁਨੀਆਂ -

| | | | | |
|---|---|---|---|---|
| | | ਸ | ਹ | |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |

"ਸਥਾਨ ਭੇਦਾਂ ਕਾਰਨ ਇਹਨਾਂ ਧੁਨੀਆਂ ਦੀ ਵੰਡ ਇਸ ਤਰ੍ਹਾਂ ਕੀਤੀ ਜਾ ਸਕਦੀ ਹੈ -

1. ਕੰਠੀ → ਅ, ਹ........ ਕ ਖ ਗ ਘ ਙ
2. ਤਾਲਵੀ → ੲ .......... ਚ ਛ ਜ ਝ ਞ .....ਯ
3. ਮੂਰਧਨੀ → .....ਟ, ਠ, ਡ, ਢ, ਣ..... ਰ, ੜ
4. ਦੰਤਕ → ਸ .... ਤ, ਥ, ਦ, ਧ, ਨ .......ਲ
5. ਹੋਠੀ → ੳ ......... ਪ, ਫ, ਬ, ਭ, ਮ....... ਵ
6. ਅਨੁਨਾਸਕ → ਙ, ਞ, ਣ, ਨ, ਮ"[8]

ਪੰਜਾਬੀ ਦੀਆਂ ਖਾਸ ਧੁਨੀਆਂ → ਘ, ਝ, ਢ, ਧ, ਭ ਨੂੰ ਜਿਸ ਤਰ੍ਹਾਂ ਪੰਜਾਬੀ ਲੋਕ ਉਚਾਰਦੇ ਹਨ, ਹੋਰ ਲੋਕ ਇਹਨਾਂ ਨੂੰ ਇਸ ਢੰਗ ਨਾਲ ਨਹੀ ਉਚਾਰ ਸਕਦੇ ।

ਪੰਜਾਬੀ ਸੁਰਾਂ ਦੀ ਵਰਤੋਂ-ਵਿਉਤ ਸੰਬੰਧੀ ਕੁਝ ਯਾਦ ਰੱਖਣ ਯੋਗ ਨੁਕਤੇ ਇਹ ਹੈ ਕਿ -

→ /ਅ/ ਤੇ /ਆ/ ਦੀ ਵਰਤੋਂ ਅਜੋਕੀ ਪੰਜਾਬੀ ਵਿਚ ਸਭ ਤੋਂ ਵੱਧ ਹੁੰਦਾ ਹ।

→ "/ਐ/ ਦੀ ਵਰਤੋ ਪੰਜਾਬੀ ਵਿਚ ਸਭ ਤੋਂ ਘੱਟ ਹੁੰਦੀ ਹੈ। ਪੁਰਾਤਨ ਪੰਜਾਬੀ ਵਿਚ /ਐ/ ਮੌਜੂਦ ਹੀ ਨਹੀ ਸੀ, ਲਹਿੰਦੀ ਦੀਆਂ ਕਈ ਉਪਬੋਲੀਆਂ ਵਿਚ ਇਸਦੀ ਥਾਂ /ਓ/ ਹੀ ਵਰਤਿਆ ਜਾਂਦਾ ਹੈ।

→ ਸ਼ਬਦਾਂ ਦੇ ਆਰੰਭ ਵਿਚ ਇਕ ਤੋ ਵੱਧ ਸੁਰ ਇੱਕਠੇ ਬਹੁਤ ਘਟ ਆਉਂਦੇ ਹਨ ਪਰ ਸ਼ਬਦਾਂ ਦੇ ਅੰਤ ਵਿਚ ਤਿੰਨ-ਤਿੰਨ, ਚਾਰ-ਚਾਰ ਸੁਰ ਵੀ ਇੱਕਠੇ ਆਉਂਦੇ ਹਨ ਜਿਵੇ- ਲਿਆਇਆ, ਜੁਆਈਆਂ...."[9]

ਪੰਜਾਬੀ ਵਿਅੰਜਨਾਂ ਦੀ ਵਰਤੋਂ ਵਿਉਂਤ ਸੰਬੰਧੀ ਕੁਝ ਨੇਮਾਂ ਦਾ ਵੇਰਵਾ ਇਸ ਤਰ੍ਹਾਂ ਹੈ -

→ /ਯ/ ਸ਼ਬਦਾਂ ਦੇ ਅੰਤ ਵਿਚ ਨਹੀ ਉਚਾਰਿਆ ਜਾਂਦਾ ਜਿਵੇਂ ਸੰਸਕ੍ਰਿਤ ਸ਼ਬਦਾਂ ਭਾਰਤੀਯ, ਹਿਮਾਲਯ, ਜਯ ਆਦਿ ਦਾ ਪੰਜਾਬੀ ਉਚਾਰਨ ਭਾਰਤੀ, ਹਿਮਾਲਾ ਤੇ ਜੈ ਹੈ।

→ /ਹ/ ਦੀ ਧੁਨੀ ਸਿਰਫ਼ ਸ਼ਬਦਾਂ ਦੇ ਆਰੰਭ ਵਿਚ ਹੀ ਉਚਾਰੀ ਜਾਂਦੀ ਹੈ, ਸ਼ਬਦਾਂ ਦੇ ਅੰਤ ਤੇ ਵਿਚਕਾਰ /ਹ/ ਦਾ ਉਚਾਰਨ ਨਾ ਹੋ ਕੇ ਸੁਰ ਵਿਚ ਬਦਲ ਜਾਂਦਾ ਹੈ ।

→ /ਙ/ ਤੇ /ਞ/ ਦੀ ਵਰਤੋਂ ਬਹੁਤ ਘਟ ਹੁੰਦੀ ਹੈ ਜਿਵੇਂ 'ਕੰਙਣ' ਨੂੰ 'ਕੰਗਣ' ਅਤੇ 'ਜੰਞ' ਦੀ ਥਾਂ 'ਜੰਜ' ਉਚਾਰਿਆ ਜਾਂਦਾ ਹੈ।

ਸੁਵ ਤੇ ਵਿਅੰਜਨ ਦੀ ਵੰਡ ਬਹੁਤ ਪੁਰਾਣੇ ਸਮੇਂ ਤੋ ਕੀਤੀ ਚਲੀ ਆ ਰਹੀ ਹੈ। "ਯੂਰਪ ਵਿਚ ਇਸ ਪ੍ਰਸੰਗ ਵਿਚ ਪਹਿਲਾ ਨਾਂ ਯੂਨਾਨੀ ਵਿਆਕਰਣਕਾਰ Daonisis Threx (ਦੂਜੀ ਸਦੀ B.C.) ਦਾ ਲਿਆ ਜਾਂਦਾ ਹੈ। ਯੂਨਾਨੀਆਂ ਨੇ ਸੁਰ ਉਸ ਧੁਨੀ ਨੂੰ ਕਿਹਾ ਹੈ ਜਿਸਦਾ ਉਚਾਰਣ ਬਿਨਾਂ ਕਿਸੇ ਹੋਰ ਧੁਨੀ ਦੀ ਮਦਦ ਤੋਂ ਕੀਤਾ ਜਾਂਦਾ ਹੈ ਅਤੇ ਵਿਅੰਜਨ ਉਸਨੂੰ ਕਿਹਾ ਹੈ ਜਿਸਦਾ ਉਚਾਰਣ ਸੁਰਾਂ ਦੀ ਮਦਦ ਤੋਂ ਬਿਨਾਂ ਨਹੀ ਕੀਤਾ ਜਾ ਸਕਦਾ । ਅੰਗਰੇਜੀ ਸ਼ਬਦ Consonant ਦਾ ਸੰਬੰਧ ਲਾਤੀਨੀ ਸ਼ਬਦ Consonantem ਨਾਲ ਹੈ ਜਿਸਦਾ ਅਰਥ ਹੈ "ਦੂਜੇ ਨਾਲ ਉਚਾਰਿਆ ਜਾਣ ਵਾਲਾ ।"[10]

ਪੰਜਾਬੀ ਵਿਚ ਨਾਸਿਕਤਾ, ਬਲ, ਸੁਰ ਤੇ ਤਾਨ, ਚਾਰ ਅਖੰਡੀ ਧੁਨੀਆਂ ਹਨ। ਸੁਰਾਂ ਅਤੇ ਵਿਅੰਜਨਾਂ ਵਾਂਗ ਹਿਹਨਾਂ ਧੁਨੀਆਂ ਨੂੰ ਵੱਖ-ਵੱਖ ਨਹੀ ਕੀਤਾ ਜਾ ਸਕਦਾ ਭਾਵ ਇਹਨਾਂ ਦੇ ਖੰਡ ਨਹੀ ਕੀਤੇ ਜਾ ਸਕਦੇ । ਇਸ ਲਈ ਇਹਨਾਂ ਨੂੰ ਅਖੰਡੀ ਧੁਨੀਆਂ ਕਿਹਾ ਜਾਂਦਾ ਹੈ। ਇਹਨਾਂ ਤੋਂ ਉਲਟ ਸੁਰਾਂ, ਵਿਅੰਜਨਾਂ ਨੂੰ 'ਖੰਡੀ ਧੁਨੀਆਂ' ਆਖਿਆ ਜਾਂਦਾ ਹੈ। ਅਖੰਡੀ ਧੁਨੀਆਂ ਕਦੇ ਵੀ ਇਕਲੀ ਨਹੀ ਉਚਾਰੀਆਂ ਜਾ ਸਕਦੀਆਂ ਜਿਵੇ ਨਾਸਿਕਤਾ, ਅੱਧਕ, ਟਿੱਪੀ, ਬਿੰਦੀ ਆਦਿ ਸੁਰ ਤੇ ਵਿਅੰਜਨਾਂ (ਖੰਡੀ ਧੁਨੀਆਂ) ਨਾਲ ਮਿਲਕੇ ਹੀ ਆਪਣੀ ਹੋਂਦ ਸਥਾਪਤ ਕਰ ਪਾਉਂਦੀਆਂ ਹਨ।

ਧੁਨੀਆਂ ਦੇ ਉਚਾਰਣ ਸੰਬੰਧੀ ਵਰਗੀਕਰਣ ਦੀ ਸੱਭ ਤੋਂ ਵੱਧ ਬੁਨਿਆਦੀ, ਖਾਸ ਅਤੇ ਵਿਸ਼ਵ-ਵਿਆਪੀ ਵੰਡ ਸੁਰ ਤੇ ਵਿਅੰਜਨ ਦੀ ਹੀ ਵੰਡ ਹੈ।

ਨਾਸਿਕਤਾ ਪੰਜਾਬੀ ਦੀ ਨਖੇੜੂ ਧੁਨੀ ਹੈ ਭਾਵ ਨਾਸਿਕਤਾ ਆਉਣ ਨਾਲ ਪੰਜਾਬੀ ਵਿਚ ਸ਼ਬਦ ਦੇ ਅਰਥ ਬਦਲ ਜਾਂਦੇ ਹਨ। ਜਿਵੇਂ 'ਬਾਗ' ਤੇ 'ਬਾਂਗ', 'ਸਾਗ' ਤੇ 'ਸਾਂਗ' ਆਦਿ। ਬਲ ਜਾਂ ਦਬਾ ਦੇ ਅਸਲ ਉਁਚਾਰਨ ਅੰਗਰੇਜ਼ੀ ਭਾਸ਼ਾ ਵਿਚ ਮਿਲਦੇ ਹਨ ਜਿਵੇਂ 'excuse' 'ਬਲ' ਵੀ ਪੰਜਬੀ ਵਿਚ ਨਖੇੜੂ ਧੁਨੀ ਹੈ। ਜਿਵੇਂ 'ਪੱਤ' ਤੇ 'ਪਤ' ਆਦਿ। ਸੁਰ ਵੀ ਪੰਜਾਬੀ ਵਿਚ ਵਿਸ਼ੇਸ਼ ਧੁਨੀ ਹੈ, ਪੰਜਾਬੀ ਵਿਚ ਤਿੰਨ ਸੁਰਾਂ ਮੰਨੀਆਂ ਜਾਂਦੀਆਂ ਹਨ- ਉੱਚੀ, ਨੀਵੀ ਤੇ ਸਾਂਵੀ। ਉੱਚੀ ਸੁਰ ਤੇ ਨੀਵੀ ਸੁਰ ਦੇ ਅੰਤਰ ਨੂੰ ਅਸੀ ਸਪਸ਼ਟ ਰੂਪ ਵਿਚ ਪੰਜਾਬੀ ਲਿਖਤ ਤੇ ਉਚਾਰਣ ਦੇ ਫਰਕ ਨਾਲ ਸਹਿਜੇ ਹੀ ਵੇਖਿਆ ਜਾ ਸਕਦਾ ਹੈ-

| | ਲਿਖਿਤ ਰੂਪ | ਉਚਰਿਤ ਰੂਪ |
|---|---|---|
| "ਉੱਚੀ ਸੁਰ ਵਾਲੇ ਸ਼ਬਦ → | → ਬਾਹਰ | ਬਾ'ਰ |
| | → ਸ਼ਹਿਰ | ਸ਼ੈ 'ਰ |
| ਨੀਵੀ ਸੁਰ ਵਾਲੇ ਸ਼ਬਦ → | ਘੋੜਾ | ਕੋ 'ੜਾ |
| | → ਭਾਂਡਾ | ਪਾਂ 'ਡਾ |
| | → ਧੋਤਾ | ਤੋ 'ਤਾ"[11] |

"ਡੈਨੀਅਲ ਜੋਰਜ (Donial George) ਅਨੁਸਾਰ ਵਿਅੰਜਨਾਂ ਵਿਚ ਖਾਸ ਕਰਕੇ /ਯ/, /ਵ/ ਵਿਚ ਗਤੀਆਂ (Movements) ਹੁੰਦੀਆਂ ਹਨ ਜਿਥੇ ਕਿ ਸੁਰਾਂ ਦੀਆਂ ਸਥਿਤੀਆਂ ਸਥਿਰ (fixed) ਹੁੰਦੀਆਂ ਹਨ।"[12]

ਇਸ ਸਾਰੀ ਚਰਚਾ ਦਾ ਸਾਰ-ਰੂਪ ਵਰਣਨ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ ਕਿ ਧੁਨੀਆਂ ਭਾਸ਼ਿਕ ਸਰੰਚਨਾ ਦੀ ਬੁਨਿਆਦੀ ਇਕਾਈ ਹੈ ਅਤੇ ਧੁਨੀ ਉਹ ਕੱਚਾ ਮਸਾਲਾ ਹੈ ਜਿਸ ਦੇ ਜੋੜ-ਮੇਲ ਤੋਂ ਸਮਗ੍ਰ ਭਾਸ਼ਾ ਦੀ ਉਸਾਰੀ ਹੁੰਦੀ ਹੈ। ਪੰਜਾਬੀ ਧੁਨੀਆਂ ਗੁਰਮੁਖੀ ਅੱਖਰਾਂ ਵਿਚ ਅੰਕਿਤ ਕੀਤੀਆਂ ਜਾਂਦੀਆਂ ਹਨ। ਹਰ ਧੁਨੀ ਲਈ ਵੱਖਰਾ ਅੱਖਰ ਭਾਵ ਚਿੰਨ੍ਹ ਹੈ, ਪਰੰਤੂ ਫਿਰ ਵੀ ਲਿਖਿਆ ਹੋਇਆ ਅੱਖਰ ਧੁਨੀ ਨਹੀ ਹੁੰਦਾ ਉਹ ਕੇਵਲ ਇਕ ਚਿੰਨ੍ਹ ਹੁੰਦਾ ਹੈ। ਧੁਨੀ ਵਿਸ਼ੇਸਕਰ ਇਕ ਮੌਖਿਕ ਹੋਂਦ ਹੁੰਦੀ ਹੈ, ਜਿਸ ਵਿਚ ਉੱਚਾਰਨੀ ਤੇ ਸ੍ਰਵਨੀ ਗੁਣ ਤੇ ਲੱਛਣ ਹੁੰਦੇ ਹਨ ਭਾਵ ਜਿਸ ਦਾ ਮੂੰਹ ਨਾਲ ਉਚਾਰਨ ਹੁੰਦਾ ਹੈ ਅਤੇ ਕੰਨਾ ਨਾਲ ਸੁਣੀ ਜਾਂਦੀ ਹੈ। ਇਸ ਤੋਂ ਛੋਟ ਧੁਨੀ ਇਕ ਖੰਡ ਜਾਂ ਟੋਟੇ ਤੋਂ ਨਾ ਤਾਂ ਘੱਟ ਤੇ ਨਾ ਹੀ ਵੱਧ ਹੁੰਦੀ ਹੈ ਅਤੇ Phoneme ਦੇ ਰੂਪ ਵਿਚ ਸਥਾਪਤ ਹੁੰਦੀ ਹੈ।

## ਹਵਾਲੇ ਅਤੇ ਟਿੱਪਣੀਆਂ


1 ਡਾ. ਕਾਲਾ ਸਿੰਘ ਬੇਦੀ, 'ਭਾਸ਼ਾ ਵਿਗਿਆਨ', ਪੰਲਾ 82
2 ਡਾ. ਪ੍ਰੇਮ ਪ੍ਰਕਾਸ਼ ਸਿੰਘ, 'ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ', ਪੰਨਾ 202
3 ਡਾ. ਕਾਲਾ ਸਿੰਘ ਬੇਦੀ, 'ਭਾਸ਼ਾ ਵਿਗਿਆਨ', ਪੰਲਾ 83
4 ਡਾ. ਪ੍ਰੇਮ ਪ੍ਰਕਾਸ਼ ਸਿੰਘ, 'ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ', ਪੰਨਾ 278
5 ਉਹੀ, ਪੰਨਾ 279
6 ਉਹੀ, ਪੰਨਾ 280
7 ਡਾ. ਪ੍ਰੇਮ ਪ੍ਰਕਾਸ਼ ਸਿੰਘ, 'ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ', ਪੰਨਾ 169
8 ਡਾ. ਕਾਲਾ ਸਿੰਘ ਬੇਦੀ, 'ਭਾਸ਼ਾ ਵਿਗਿਆਨ', ਪੰਲਾ 83
9 ਡਾ. ਹਰਕੀਰਤ ਸਿੰਘ, 'ਭਾਸ਼ਾ ਤੇ ਭਾਸ਼ਾ ਵਿਗਿਆਨ', ਪੰਨਾ 126
10 ਡਾ. ਪ੍ਰੇਮ ਪ੍ਰਕਾਸ਼ ਸਿੰਘ, 'ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ', ਪੰਨਾ 185
11 ਡਾ. ਹਰਕੀਰਤ ਸਿੰਘ, 'ਭਾਸ਼ਾ ਤੇ ਭਾਸ਼ਾ ਵਿਗਿਆਨ', ਪੰਨਾ 132
12 ਡਾ. ਪ੍ਰੇਮ ਪ੍ਰਕਾਸ਼ ਸਿੰਘ, 'ਸਿਧਾਂਤਕ ਭਾਸ਼ਾ ਵਿਗਿਆਨ', ਪੰਨਾ 288